ਇਹ ਨੋਟਿਸ ਤੁਹਾਡੇ ਕਾਨੂੰਨੀ ਅਧਿਕਾਰਾਂ ਨੂੰ ਪ੍ਰਭਾਵਤ ਕਰਦਾ ਹੈ

ਬੀ ਸੀ ਸੁਪਰੀਮ ਕੋਰਟ ਦੁਆਰਾ ਮੈਕੱਲਮ ਬਨਾਮ ਏਅਰ ਇੰਡੀਆ ਵਗੈਰਾ, SBC No. VLC-S-S-218896 ਇੱਕ ਕਲਾਸ ਐਕਸ਼ਨ ਕੇਵਲ ਨਿਪਟਾਰੇ ਦੇ ਉਦੇਸ਼ਾਂ ਲਈ ਪ੍ਰਤਿਵਾਦੀਆਂ ਦੇ ਵਿਰੁੱਧ **January 17, 2024** ਨੂੰ ਪ੍ਰਮਾਣਿਤ ਕੀਤਾ ਗਿਆ ਹੈ।

ਕਲਾਸ ਐਕਸ਼ਨ ਪ੍ਰਤਿਵਾਦੀਆਂ ਏਅਰ ਇੰਡੀਆ ਲਿਮਟਿਡ, ਸੋਸਿਟੀ ਇੰਟਰਨੈਸ਼ਨਾਲ ਦੇ ਟੈਲੀਕਮਿਉਨੀਕੇਸ਼ਨਜ਼ ਆਈਰੋਨੌਟਿਕ, ਅਤੇ ਸੀਟਾ ਪੈਸੰਜਰ ਸਰਵਿਸ ਸਿਸਟਮ (ਯੂ ਐੱਸ) ਇੰਕ. (ਪ੍ਰਤਿਵਾਦੀ) ਦੇ ਵਿਰੁੱਧ ਸਾਰੇ ਕੈਨੇਡਾ ਵਾਸੀਆਂ ਦੀ ਤਰਫ਼ੋਂ ਜਿਨ੍ਹਾਂ ਦੀ ਵਿਅਕਤੀਗਤ ਅਤੇ ਨਿਜੀ ਜਾਣਕਾਰੀ ਸੀਟਾ ਪੀ ਐੱਸ ਐੱਸ ‘ਤੇ 2021 ਦੀ ਜਨਵਰੀ ਅਤੇ ਫ਼ਰਵਰੀ ਵਿੱਚ ਕੀਤੇ ਗਏ ਅਪਰਾਧਿਕ ਸਾਈਬਰ ਹਮਲੇ (“ਪੀ ਐੱਸ ਐੱਸ ਘਟਨਾ”) ਦੇ ਨਤੀਜੇ ਵੱਜੋਂ ਸੰਕਟ ਵਿੱਚ ਆਈ ਸੀ।

## ਕਲਾਸ ਐਕਸ਼ਨ ਕਾਹਦੇ ਬਾਰੇ ਹੈ?

ਇਸ ਕਾਨੂੰਨੀ ਮੁਕੱਦਮੇ ਵਿੱਚ ਦੋਸ਼ ਲਾਇਆ ਗਿਆ ਹੈ ਕਿ ਪ੍ਰਤੀਵਾਦੀਆਂ ‘ਤੇ ਇੱਕ ਸਾਈਬਰ ਹਮਲਾ ਕੀਤਾ ਗਿਆ ਜਿਸ ਦੇ ਨਤੀਜੇ ਵੱਜੋਂ ਡੇਟਾ ਦੀ ਇੱਕ ਉਲੰਘਣਾ ਹੋਈ ਜਿਸ ਨਾਲ ਕੁਝ ਏਅਰਲਾਈਨ ਯਾਤਰੀਆਂ ਦੀ ਨਿਜੀ ਜਾਣਕਾਰੀ ਜ਼ਾਹਰ ਹੋ ਗਈ, ਜਿਸ ਕਰਕੇ ਉਨ੍ਹਾਂ ਯਾਤਰੀਆਂ ਦੀ ਨਿਜਤਾ ਦੀ ਉਲੰਘਣਾ ਹੋਈ। ਬੀ ਸੀ ਸੁਪਰੀਮ ਕੋਰਟ ਨੇ ਐਨੀ ਮੇਰੀ ਮੈਕੱਲਮ ਨੂੰ ਵਾਦੀ ਪ੍ਰਤੀਨਿਧੀ ਵੱਜੋਂ ਨਿਯੁਕਤ ਕੀਤਾ ਹੈ।

ਇਸ ਨਿਪਟਾਰੇ ਰਾਹੀਂ, ਕੋਈ ਵੀ ਪ੍ਰਤਿਵਾਦੀ ਜ਼ਿੰਮੇਵਾਰੀ ਕਬੂਲ ਨਹੀਂ ਕਰ ਰਿਹਾ। ਹਰ ਇੱਕ ਪ੍ਰਤਿਵਾਦੀ ਦੋਸ਼ਾਂ ਨੂੰ ਨਕਾਰਦਾ ਹੈ, ਜੋ ਸਾਬਤ ਨਹੀਂ ਕੀਤੇ ਗਏ।

## ਮੈਂ ਕਿਵੇਂ ਸ਼ਾਮਲ ਹੋਵਾਂ?

ਇਹ ਕਲਾਸ ਐਕਸ਼ਨ ਨਿਪਟਾਰਾ ਉਨ੍ਹਾਂ ਸਾਰੇ ਕੈਨੇਡਾ ਨਿਵਾਸੀ, ਜਿਨ੍ਹਾਂ ਦੀ ਵਿਅਕਤੀਗਤ ਅਤੇ ਨਿਜੀ ਜਾਣਕਾਰੀ ਪੀ ਐੱਸ ਐੱਸ ਘਟਨਾ ਦੇ ਨਤੀਜੇ ਵੱਜੋਂ ਸੰਕਟ ਵਿੱਚ ਆਈ, ਜਿਵੇਂ ਕਿ ਉਪਰ ਪਰਿਭਾਸ਼ਤ ਕੀਤਾ ਗਿਆ ਹੈ, ਅਤੇ ਅਜਿਹੇ ਨਿਵਾਸੀਆਂ ਦੇ ਉੱਤਰ ਅਧਿਕਾਰੀਆਂ,

ਵਾਰਸਾਂ, ਵਸੀਅਤ-ਪ੍ਰਬੰਧਕਾਂ, ਪ੍ਰਸ਼ਾਸਕਾਂ, ਬੀਮਾ-ਕਰਤਾਵਾਂ ਅਤੇ ਸੰਪਤੀ-ਭਾਗੀਆਂ (“**ਕਲਾਸ**”) ‘ਤੇ ਲਾਗੂ ਹੁੰਦਾ ਹੈ। ਜੇ ਤੁਹਾਨੂੰ ਵਿਸ਼ਵਾਸ ਹੈ ਕਿ ਤੁਸੀਂ ਕਲਾਸ ਦੇ ਮੈਂਬਰ ਹੋ, ਤਾਂ ਤੁਸੀਂ ਸਹਾਇਕ ਦਸਤਾਵੇਜ਼ਾਂ ਦੁਆਰਾ ਪ੍ਰਮਾਣਿਤ ਕਰ ਕੇ ਪੀ ਐੱਸ ਐੱਸ ਘਟਨਾ ਦੇ ਨਤੀਜੇ ਵੱਜੋਂ ਹੋਏ ਕਿਸੇ ਨੁਕਸਾਨ ਲਈ ਮੁਆਵਜ਼ੇ ਵਾਸਤੇ ਦਾਅਵਾ ਕਰਨ ਦੇ ਹੱਕਦਾਰ ਹੋ। ਹੇਠਾਂ ਹੋਰ ਜਾਣਕਾਰੀ ਲਈ ਮੁਹੱਈਆ ਕਰਾਏ ਗਏ ਸੰਪਰਕ ਲਈ ਵੇਰਵੇ ਦੀ ਵਰਤੋਂ ਕਰਦਿਆਂ ਕ੍ਰਿਪਾ ਕਰ ਕੇ ਕਲਾਸ ਕਾਉਂਸਲ ਨਾਲ ਸੰਪਰਕ ਕਰੋ।

ਜੇ ਤੁਸੀਂ ਇਸ ਕਾਨੂੰਨੀ ਮੁਕੱਦਮੇ ਦਾ ਹਿੱਸਾ ਨਹੀਂ ਬਣਨਾ ਚਾਹੁੰਦੇ, ਤਾਂ ਤੁਸੀਂ ਲਾਜ਼ਮੀ ਕਲਾਸ ਕਾਉਂਸਲ ਨੂੰ ਹੇਠਾਂ ਦਿੱਤੇ ਪਤੇ ‘ਤੇ **February 26, 2024** ਤੋਂ ਪਹਿਲਾਂ, ਆਪਣਾ ਨਾਂ ਅਤੇ ਪਤਾ ਮੁਹੱਈਆ ਕਰਾਉਂਦਿਆਂ ਅਤੇ ਇਹ ਦੱਸਦਿਆਂ ਕਿ ਤੁਸੀਂ ਬਾਹਰ ਰਹਿਣਾ ਚਾਹੁੰਦੇ ਹੋ, ਲਿਖਤੀ ਰੂਪ ਵਿੱਚ ਸੂਚਿਤ ਕਰੋ।

ਜੇ ਤੁਸੀਂ ਨਿਪਟਾਰੇ ਸਬੰਧੀ ਇਤਰਾਜ਼ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਇਸ ਨੂੰ ਲਾਜ਼ਮੀ **March 11, 2024** ਤੱਕ ਲਿਖਤੀ ਰੂਪ ਵਿੱਚ ਕਲਾਸ ਕਾਉਂਸਲ ਤੱਕ ਪੁਚਾਉ।

## ਮਾਲੀ ਨਤੀਜੇ ਕੀ ਹਨ?

ਕਲਾਸ ਮੈਂਬਰ ਜੋ ਕਲਾਸ ਕਾਉਂਸਲ ਕੋਲ ਇੱਕ ਨਿਆਂਸੰਗਤ ਦਾਅਵਾ ਪੇਸ਼ ਕਰਦੇ ਹਨ, ਉਹ ਸਹਾਇਕ ਦਸਤਾਵੇਜ਼ਾਂ ਦੁਆਰਾ ਪ੍ਰਮਾਣਿਤ ਕਰ ਕੇ ਪੀ ਐੱਸ ਐੱਸ ਘਟਨਾ ਦੇ ਨਤੀਜੇ ਵੱਜੋਂ ਹੋਏ ਕਿਸੇ ਨੁਕਸਾਨ ਲਈ ਮੁਆਵਜ਼ੇ ਵਾਸਤੇ ਯੋਗ ਹੋ ਸਕਦੇ ਹਨ।

## ਮੈਂ ਵਧੇਰੇ ਜਾਣਕਾਰੀ ਕਿੱਥੋਂ ਲੱਭ ਸਕਦਾ/ਦੀ ਹਾਂ?

ਸੈਟਲਮੈਂਟ ਦਸਤਾਵੇਜ਼, ਔਪਟ-ਆਊਟ ਫ਼ਾਰਮ, ਅਤੇ ਅਦਾਲਤੀ ਦਸਤਾਵੇਜ਼ **https://hammerco.ca/services/class-actions/current-cases/pss-data-breach/** ‘ਤੇ ਉਪਲਬਧ ਹਨ।

ਵਧੇਰੇ ਜਾਣਕਾਰੀ ਲਈ, ਕ੍ਰਿਪਾ ਕਰ ਕੇ ਕਲਾਸ ਕਾਉਂਸਲ ਨੂੰ ਸੰਪਰਕ ਕਰੋ: ਹੈਮਰਕੋ ਲਾਇਅਰਜ਼ ਐੱਲ ਐੱਲ ਪੀ ਅਤੇ ਈਵੋਲਿੰਕ ਲਾਅ ਗਰੁੱਪ pss-dataincident@hammerco.ca ਅਤੇ **604-269-8500**

ਇਹ ਨੋਟਿਸ ਸੁਪਰੀਮ ਕੋਰਟ ਔਫ਼ ਬ੍ਰਿਟਿਸ਼ ਕੋਲੰਬੀਆ ਦੁਆਰਾ ਪ੍ਰਵਾਨਤ ਹੈ।